ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰੋਮੋਸ਼ਨ ਸੈੱਲ)
ਦਫ਼ਤਰੀ ਹੁਕਮ

No. E-1047075/2025 (P-3) Dated: 23.01.2026

1. ਮਿਤੀ 01.09.2025 ਤੋਂ ਪਹਿਲਾਂ ਵਿਭਾਗ ਵੱਲੋਂ ਮਾਨਯੋਗ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 4882 ਆਫ 2014- ਸੁਖਦੀਪ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ, ਸਮੇਤ ਕੁਨੈਕਟਡ ਕੇਸਾਂ ਵਿੱਚ ਦਿੱਤੇ ਗਏ ਫੈਸਲੇ ਮਿਤੀ 21.11.2023, ਸਿਵਲ ਰਿੱਟ ਪਟੀਸ਼ਨ ਨੰਬਰ 17537 ਆਫ 2020- ਪਰਵਿੰਦਰ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਦੇ ਫੈਸਲੇ ਮਿਤੀ 22.09.2023 ਸਮੇਤ Similarly Situated ਕੇਸਾਂ ਵਿੱਚ ਦਿੱਤੇ ਗਏ ਵੱਖ-2 ਫੈਸਲਿਆਂ ਦੇ ਆਧਾਰ ਤੇ ਪ੍ਰਾਇਮਰੀ ਕਾਡਰ ਅਤੇ ਓ.ਸੀ.ਟੀ. ਕਾਡਰ ਦੀਆਂ ਪੁਰਾਣੀਆਂ ਪਦ-ਉੱਨਤੀਆਂ ਦਾ ਰੀਵਿਊ ਕੀਤਾ ਗਿਆ, ਜਿਸ ਦੇ ਅਧੀਨ ਕਰਮਚਾਰੀਆਂ ਨੂੰ ਮਿਤੀ 01.04.2010, 30.12.2015 ਅਤੇ 13.07.2018 ਤੋਂ ਨੋਸ਼ਨਲ ਪਦ-ਉੱਨਤੀਆਂ ਦੇ ਲਾਭ ਦਿੱਤਾ ਗਿਆ।
2. ਉਕਤ ਅਨੁਸਾਰ ਪਦ-ਉੱਨਤੀਆਂ ਦੇ ਰੀਵਿਊ ਅਧੀਨ ਜਾਰੀ ਕੀਤੇ ਗਏ ਪਦ-ਉੱਨਤੀ ਦੇ ਹੁਕਮਾਂ ਦੀ ਲਗਾਤਾਰਤਾ ਵਿੱਚ ਹੀ ਵਿਭਾਗ ਵੱਲੋਂ Punjab State Teacher Eligibility Test -2 ਸਬੰਧੀ ਮਿਤੀ 14.09.2017 ਦੇ ਪੱਤਰ ਦੀ ਰੋਸ਼ਨੀ ਵਿੱਚ ਮਿਤੀ 12.11.2025, 24.12.2025, 04.01.2026 ਅਤੇ 05.01.2026 ਨੂੰ ਜੇ.ਬੀ.ਟੀ. / ਈ.ਟੀ.ਟੀ. ਅਤੇ ਓ.ਸੀ.ਟੀ. ਕਾਡਰ ਦੇ ਕਰਮਚਾਰੀਆਂ ਵਿਚੋਂ non-TET qualified Teachers ਨੂੰ 2 ਸਾਲ ਦੇ ਅੰਦਰ PSTET-2 ਪਾਸ ਕਰਨ ਦੀ ਸ਼ਰਤ ਲਗਾ ਕੇ ਪਦ-ਉੱਨਤੀਆਂ ਦੇ ਹੁਕਮ ਜਾਰੀ ਕੀਤੇ ਗਏ।
3. ਪ੍ਰੰਤੂ ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/s STATE OF MAHARASHTRA ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਰਾਹੀਂ RTE Act 2009 ਦੀ ਰੋਸ਼ਨੀ ਵਿੱਚ ਅਧਿਆਪਕ ਵਰਗ ਲਈ Teacher Eligibility Test ਲਾਜ਼ਮੀ ਕੀਤਾ ਗਿਆ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਦੀ ਸਬੰਧਤ ਟੁੱਕ ਹੇਠ ਲਿਖੇ ਅਨੁਸਾਰ ਹੈ-

   **"216. Bearing in mind their predicament, we invoke our powers under Article 142 of the constitution of India and direct that those teachers who have less than five years service left , as on date, may continue in service till they attain the age of superannuation without qualifying the TET. However, we make it clear that if any such teacher (having less than five years service left) aspires for promotion, he will not be considered eligible without he/she having qualified the TET."**
4. ਉਕਤ ਤੋਂ ਇਲਾਵਾ ਸਿਵਲ ਰਿੱਟ ਪਟੀਸ਼ਨ ਨੰਬਰ 1659 ਆਫ 2026- ਹੁਸ਼ਿਆਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਜਾਰੀ ਅੰਤ੍ਰਿਮ ਹੁਕਮ / ਮਿਤੀ 22.01.2026 ਦੀ ਰੋਸ਼ਨੀ ਵਿੱਚ ਵਿਭਾਗ ਵੱਲੋਂ ਮਿਤੀ 12.11.2025, 24.12.2025, 04.01.2026 ਅਤੇ 05.01.2026 ਰਾਹੀਂ non-TET qualified Teachers ਦੀਆਂ ਓ.ਸੀ.ਟੀ., ਸੀ.ਐੱਚ.ਟੀ., ਐੱਚ.ਟੀ. ਅਤੇ ਜੇ.ਬੀ.ਟੀ. / ਈ.ਟੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਦੇ ਹੁਕਮਾਂ ਤੇ ਹਾਲ ਦੀ ਘੜੀ ਰੋਕ ਲਗਾਈ ਜਾਂਦੀ ਹੈ।
5. ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਮਿਤੀ 02.10.2024 ਅਤੇ 22.11.2024 ਰਾਹੀਂ ਜਾਰੀ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਰੀਵਿਊ ਦੇ ਹੁਕਮਾਂ ਅਧੀਨ ਪਦ-ਉੱਨਤ ਕਰਮਚਾਰੀਆਂ ਵਿਚੋਂ ਜਿਹੜੇ ਕਰਮਚਾਰੀ ਅਲਾਟ ਕੀਤੇ ਗਏ ਸਟੇਸ਼ਨਾਂ ਤੇ ਹਾਜ਼ਰ ਹੋ ਚੁੱਕੇ ਹਨ, ਕੇਵਲ ਉਨ੍ਹਾਂ ਤੇ ਮਾਨਯੋਗ ਸੁਪਰੀਮ ਕੋਰਟ ਦੇ ਉਕਤ ਫੈਸਲੇ ਮਿਤੀ 01.09.2025 ਦੀ ਰੋਸ਼ਨੀ ਵਿੱਚ 2 ਸਾਲਾਂ ਦੇ ਅੰਦਰ PSTET-2 ਪਾਸ ਕਰਨ ਦੀ ਸ਼ਰਤ ਲਾਗੂ ਹੁੰਦੀ ਹੈ, ਜਿਹੜੇ ਕਰਮਚਾਰੀ ਹਾਜ਼ਰ ਨਹੀਂ ਹੋਏ, ਉਨ੍ਹਾਂ ਨੂੰ PSTET-2 ਪਾਸ ਕੀਤੇ ਬਿਨਾਂ ਨੋਸ਼ਨਲ ਪਦ-ਉੱਨਤੀ / ਪਦ-ਉੱਨਤੀ ਲਈ ਨਹੀਂ ਵਿਚਾਰਿਆ ਜਾਵੇਗਾ।

Scanned with OKEN Scanner

6. ਉਕਤ ਸਥਿਤੀ ਦੇ ਸਨਮੁੱਖ ਵਿਭਾਗ ਵੱਲੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ ਜਾਰੀ ਹੁਕਮ/ ਮਿਤੀ 12.11.2025, 23.12.2025, 24.12.2025, 04.01.2026 ਅਤੇ 05.01.2026 ਵਿਚੋਂ PSTET-2 ਪਾਸ ਕਰ ਚੁੱਕੇ ਕਰਮਚਾਰੀਆਂ ਦੀ ਸਟੇਸ਼ਨ ਅਲਾਟਮੈਂਟ ਸਬੰਧੀ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ-

| ਲੜੀ ਨੰਬਰ | ਸਟੇਸ਼ਨ ਚੋਣ ਦੀ ਮਿਤੀ | ਪਦ-ਉੱਨਤੀ ਦਾ ਵਿਸ਼ਾ | ਸਥਾਨ |
|---|---|---|---|
| 1 | 29.01.2026 | ਐਸ.ਐਸ., ਪੰਜਾਬੀ, ਸੰਸਕ੍ਰਿਤ ਅਤੇ ਉਰਦੂ, | ਪਦ-ਉੱਨਤ ਕਰਮਚਾਰੀ ਦੇ ਸਬੰਧਤ ਜਿਲੇ ਦਾ ਸੈਕੰਡਰੀ ਵਿਭਾਗ ਦਾ ਦਫਤਰ |
| 2 | 30.01.2026 | ਸਾਇੰਸ, ਹਿਸਾਬ, ਫਿਜੀ. ਐਜੂ, ਹੋਮ ਸਾਇੰਸ, ਮਿਊਜ਼ਿਕ | ਉਕਤ |
| 3 | 02.02.2026 | ਹਿੰਦੀ, ਅੰਗਰੇਜ਼ੀ, | ਉਕਤ |

7. ਉਕਤ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਦੇ ਹੁਕਮ ਜਾਰੀ ਹੋਣ ਉਪਰੰਤ ਇਸ ਦਫਤਰ ਨੂੰ ਪ੍ਰਾਪਤ ਇਤਰਾਜ ਵਿਚਾਰਨ ਉਪਰੰਤ ਸਟੇਸ਼ਨ ਚੋਣ ਉਕਤ ਸਮਾਂ ਸਾਰਣੀ ਅਨੁਸਾਰ ਹੋਵੇਗੀ।

ਨੱਥੀ- ਸਟੇਸ਼ਨ ਚੋਣ ਸਬੰਧੀ ਹਦਾਇਤਾਂ

23/01/26
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1( )2026/931 ਮਿਤੀ 27.01.2026

ਉਪਰੋਕਤ ਦਾ ਉਤਾਰਾ ਦਫਤਰ ਜਿਲਾ ਸਿਖਿਆ ਅਫਸਰ (ਸੈ.ਸਿ) ਬਠਿੰਡਾ ਅਤੇ ਸੰਬਧਤ **ਸਕੂਲ ਮੁਖੀਆਂ** ਸਸਸਸ/ਸਹਸ ਜਿਲਾ ਬਠਿੰਡਾ **ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ** ਵਿਚ ਦਰਜ ਸਮਾਂ ਸਾਰਣੀ ਅਨੁਸਾਰ ਆਪਣੇ ਸਕੂਲ ਦੇ ਸੰਬਧਤ ਵਿਸ਼ਿਆਂ ਦੇ ਅਧਿਆਪਕਾਂ ਨੂੰ ਇਸ ਦਫਤਰ ਵਿਖੇ ਦਰਜ ਹਦਾਇਤਾਂ ਅਨੁਸਾਰ ਸਮੇਤ ਰਿਕਾਰਡ ਹਾਜਰ ਹੋਣ ਲਈ ਪਾਬੰਦ ਕੀਤਾ ਜਾਵੇ।

27/01/26
ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

Scanned with OKEN Scanner

## ਸਟੇਸ਼ਨ ਚੋਣ ਸਬੰਧੀ ਹਦਾਇਤਾਂ.

1. ਸਟੇਸ਼ਨ ਚੋਣ ਸਬੰਧੀ ਕਾਰਵਾਈ ਹੇਠ ਲਿਖੇ ਅਨੁਸਾਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ-

| ਕਾਰਵਾਈ | ਸਮਾਂ |
|---|---|
| ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦਫ਼ਤਰ ਵਿਖੇ ਪਹੁੰਚਣਾ ਅਤੇ ਹਾਜ਼ਰੀ | ਸਵੇਰੇ 9.30 ਵਜੇ ਤੋਂ 10.30 ਵਜੇ ਤੱਕ |
| ਫਾਰਮ ਪ੍ਰਾਪਤ ਕਰਨਾ ਅਤੇ ਖਾਲੀ ਸੂਚੀ ਵੇਖਣਾ | ਸਵੇਰੇ 10.30 ਵਜੇ ਤੋਂ 11.30 ਵਜੇ ਤੱਕ |
| ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਤੋਂ ਫਾਰਮ ਪ੍ਰਤੀ ਹਸਤਾਖਰ ਕਰਵਾਉਣਾ | ਸਵੇਰੇ 11.30 ਵਜੇ ਤੋਂ ਦੁਪਹਿਰ 2.30 ਵਜੇ ਤੱਕ |
| ਗੂਗਲ ਫਾਰਮ ਭਰਨਾ ਅਤੇ pdf ਅਪਲੋਡ ਕਰਨਾ | ਸਵੇਰੇ 11.30 ਵਜੇ ਤੋਂ ਦੁਪਹਿਰ 4.00 ਵਜੇ ਤੱਕ |
| ਗੂਗਲ ਫਾਰਮ ਨੂੰ ਅੰਤਿਮ ਰੂਪ ਵਿਚ ਜਮਾਂ ਕਰਨਾ | ਬਾਅਦ ਦੁਪਹਿਰ 4.30 ਵਜੇ ਤੱਕ |

2. ਇਸ ਦਫ਼ਤਰ ਵੱਲੋਂ ਮਾਸਟਰ ਕਾਡਰ ਵਿੱਚ ਪਦ-ਉੱਨਤ ਕੀਤੇ ਕਰਮਚਾਰੀਆਂ ਨੂੰ ਸਟੇਸ਼ਨ ਅਲਾਟ ਕਰਨ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵੱਲੋਂ ਸਮੂਹ ਜ਼ਿਲ੍ਹਿਆਂ ਸਿੱਖਿਆ ਅਫ਼ਸਰਾਂ ਨੂੰ ਮਾਸਟਰ ਕਾਡਰ ਦੀ ਖਾਲੀ ਆਸਾਮੀਆਂ ਦੀ ਸੂਚੀ ਮੇਲ ਰਾਹੀਂ ਭੇਜ ਦਿੱਤੀ ਗਈ ਹੈ। ਹਰੇਕ ਮਾਸਟਰ ਕਾਡਰ ਵਿੱਚ ਪਦ-ਉੱਨਤ ਕਰਮਚਾਰੀ ਸਬੰਧਤ ਜ਼ਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਵਿਖੇ ਆਪਣੀ ਸੁਵਿਧਾ ਅਨੁਸਾਰ 10 ਸਟੇਸ਼ਨਾਂ ਦੀ ਚੋਣ ਕਰੇਗਾ।
3. ਇਹ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਵੱਲੋਂ ਚੋਣ ਕੀਤੇ ਗਏ ਸਟੇਸ਼ਨਾਂ ਤੇ ਤੈਨਾਤੀ ਸਬੰਧੀ ਕੋਈ ਦਾਅਵੇਦਾਰੀ ਨਹੀਂ ਹੋਵੇਗੀ। ਜੇਕਰ ਕਿਸੇ ਵੀ ਕਾਰਨ ਚੋਣ ਕੀਤੇ ਗਏ ਸਟੇਸ਼ਨਾਂ ਵਿਚੋਂ ਕਰਮਚਾਰੀ ਨੂੰ ਸਟੇਸ਼ਨ ਅਲਾਟਮੈਂਟ ਨਹੀਂ ਹੁੰਦੀ ਤਾਂ ਬਾਕੀ ਖਾਲੀ ਆਸਾਮੀਆਂ ਵਿਰੁੱਧ ਤੈਨਾਤੀ ਦੇ ਹੁਕਮ ਜਾਰੀ ਕੀਤੇ ਜਾਣਗੇ।
4. ਜੇਕਰ ਕਿਸੇ ਵੀ ਕਾਰਨ ਕੋਈ ਕਰਮਚਾਰੀ ਜ਼ਿਲ੍ਹਾ ਪੱਧਰ ਤੇ ਸਟੇਸ਼ਨ ਚੋਣ ਲਈ ਨਹੀਂ ਜਾ ਸਕਦਾ ਤਾਂ ਉਹ ਕਿਸੇ ਸਹਿਕਰਮੀ ਨੂੰ ਅਧਿਕਾਰਿਤ ਕਰਕੇ ਭੇਜ ਸਕਦਾ ਹੈ। ਪ੍ਰੰਤੂ ਅਧਿਕਾਰਿਤ ਕਰਮਚਾਰੀ ਕੋਲ ਉਸਦਾ ਅਸਲ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ, ਜਿਸ ਦੀ ਸਵੈ-ਤਸਦੀਕ ਫੋਟੋ ਕਾਪੀ ਉਹ ਸਬੰਧਤ ਜ਼ਿਲੇ ਦੇ ਦਫ਼ਤਰ ਵਿਖੇ ਪੇਸ਼ ਕਰੇਗਾ।
5. ਲੈਫਟ ਆਊਟ ਕੇਸਾਂ ਅਧੀਨ ਜੋ ਸੇਵਾ ਮੁਕਤ ਕਰਮਚਾਰੀ ਪਦ-ਉੱਨਤ ਹੋਏ ਹਨ, ਉਹ ਸਬੰਧਤ ਜ਼ਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਵਿਖੇ ਹਾਜ਼ਰੀ ਦੇਣਗੇ ਪ੍ਰੰਤੂ ਸਟੇਸ਼ਨ ਚੋਣ ਕਰਨ ਦੀ ਲੋੜ ਨਹੀਂ ਹੈ। ਸਬੰਧਤ ਸੈਕੰਡਰੀ ਵਿਭਾਗ ਦੇ ਜ਼ਿਲੇ ਦੇ ਦਫ਼ਤਰ ਵੱਲੋਂ ਸੇਵਾ ਮੁਕਤ ਕਰਮਚਾਰੀ ਦੀ ਪੈਨਸ਼ਨ ਅਤੇ ਪੈਨਸ਼ਨਰੀ ਲਾਭਾਂ ਦੀ ਰੀਵਿਜ਼ਨ ਲਈ ਕਿਸੇ ਵੀ ਸਕੂਲ / ਸੰਸਥਾ ਵਿਖੇ ਮਾਸਟਰ ਕਾਡਰ ਦੀ ਆਸਾਮੀ ਵਿਰੁੱਧ ਫਰਜ਼ੀ ਤੈਨਾਤੀ ਕਰ ਦਿੱਤੀ ਜਾਵੇਗੀ। ਸੇਵਾ ਮੁਕਤ ਕਰਮਚਾਰੀ ਦੇ ਸਬੰਧਤ ਐਲੀਮੈਂਟਰੀ ਵਿਭਾਗ ਦੇ ਜ਼ਿਲੇ ਦੇ ਦਫ਼ਤਰ ਵੱਲੋਂ ਉਸੇ ਜ਼ਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਨੂੰ ਸੇਵਾ ਮੁਕਤ ਕਰਮਚਾਰੀ ਦਾ ਸੇਵਾ ਰਿਕਾਰਡ ਭੇਜਿਆ ਜਾਵੇਗਾ।
6. ਸਬੰਧਤ ਜ਼ਿਲਾ ਸਿੱਖਿਆ ਅਫ਼ਸਰ ਦਾ ਦਫ਼ਤਰ ਸਟੇਸ਼ਨ ਚੋਣ ਲਈ ਹਾਜ਼ਰ ਕਰਮਚਾਰੀ ਨੂੰ ਸਟੇਸ਼ਨ ਚੋਣ ਦਾ ਫਾਰਮ ਭਰਨ ਲਈ ਜਾਰੀ ਕਰੇਗਾ। ਕਰਮਚਾਰੀ ਫਾਰਮ ਉੱਤੇ ਸਟੇਸ਼ਨ ਚੋਣ ਕਰਕੇ, ਜ਼ਿ.ਸਿ.ਅ. ਵੱਲੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਗੂਗਲ ਫਾਰਮ ਭਰੇਗਾ। ਗੂਗਲ ਫਾਰਮ ਦਾ ਲਿੰਕ ਅਤੇ ਸਟੇਸ਼ਨ ਚੋਣ ਦਾ ਫਾਰਮ ਸਮੂਹ ਜ਼ਿ.ਸਿ.ਅ. ਨੂੰ ਸਮੇਂ ਸਿਰ ਭੇਜ ਦਿੱਤਾ ਜਾਵੇਗਾ।

23/01/26

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

Scanned with OKEN Scanner